# 24th ASEAN-India Senior Officials' Meeting

June 15, 2022

---

## ਆਸੀਆਨ ਅਤੇ ਭਾਰਤ ਦੇ ਸੀਨੀਅਰ ਅਧਿਕਾਰੀਆਂ ਦੀ 24ਵੀਂ ਮੀਟਿੰਗ

**15 ਜੂਨ, 2022**

1. ਸਕੱਤਰ (ਪੂਰਬ) ਸ਼੍ਰੀ ਸੌਰਭ ਕੁਮਾਰ ਨੇ ਸਿੰਗਾਪੁਰ ਦੇ ਸਥਾਈ ਸਕੱਤਰ ਮਹਾਮਹਿਮ ਸ਼੍ਰੀਮਾਨ ਐਲਬਰਟ ਚੂਆ ਨਾਲ 15 ਜੂਨ, 2022 ਨੂੰ ਨਵੀਂ ਦਿੱਲੀ ਵਿੱਚ ਹੋਈ ਆਸੀਆਨ-ਭਾਰਤ ਸੀਨੀਅਰ ਅਧਿਕਾਰੀਆਂ ਦੀ 24ਵੀਂ ਮੀਟਿੰਗ ਦੀ ਸਹਿ-ਪ੍ਰਧਾਨਗੀ ਕੀਤੀ। ਇਸ ਮੀਟਿੰਗ ਵਿੱਚ ਆਸੀਆਨ ਦੇ ਹੋਰ ਮੈਂਬਰ ਦੇਸ਼ਾਂ ਦੇ ਸੀਨੀਅਰ ਅਧਿਕਾਰੀਆਂ ਨੇ ਵੀ ਭਾਗ ਲਿਆ।

2. ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਵਿਚ ਆਸੀਆਨ-ਭਾਰਤ ਰਣਨੀਤਕ ਭਾਈਵਾਲੀ ਅਤੇ ਇਸਦੀ ਭਵਿੱਖੀ ਦਿਸ਼ਾ ਦੀ ਸਮੀਖਿਆ ਕੀਤੀ ਹੋਈ। ਭਾਰਤ ਅਤੇ ਆਸੀਆਨ ਵੱਲੋਂ ਸੰਵਾਦ ਸਬੰਧਾਂ ਦੀ 30ਵੀਂ ਵਰ੍ਹੇਗੰਢ ਹੋਣ ਦੇ ਮੱਦੇਨਜ਼ਰ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੇ ਆਗੂਆਂ ਨੇ ਇਸ ਭਾਈਵਾਲੀ ਦੇ ਤਿੰਨਾਂ ਥੰਮ੍ਹਾਂ - ਰਾਜਨੀਤਿਕ-ਸੁਰੱਖਿਆ, ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਅਧੀਨ ਸਹਿਯੋਗ ਦੀ ਤਰੱਕੀ ਦਾ ਮੁਲਾਂਕਣ ਕੀਤਾ। ਮੀਟਿੰਗ ਵਿੱਚ ਆਸੀਆਨ-ਭਾਰਤ ਕਾਰਜ ਯੋਜਨਾ (2021-2025) ਨੂੰ ਅੱਗੇ ਲਿਜਾਉਣ ਲਈ ਕਦਮਾਂ 'ਤੇ ਵੀ ਚਰਚਾ ਕੀਤੀ ਗਈ। ਦੋਵਾਂ ਧਿਰਾਂ ਨੇ ਕੋਵਿਡ-19 ਮਹਾਂਮਾਰੀ ਅਤੇ ਮਹਾਂਮਾਰੀ ਤੋਂ ਬਾਅਦ ਬਹਾਲੀ ਸਮੇਤ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ।

3. ਸਕੱਤਰ (ਪੂਰਬ) ਨੇ ਕੰਟ੍ਰੀ ਕੋਆਰਡੀਨੇਟਰ ਹੋਣ ਵਜੋਂ ਆਸੀਆਨ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਸਿੰਗਾਪੁਰ ਦੇ ਸਕਾਰਾਤਮਕ ਯੋਗਦਾਨ ਅਤੇ ਲਗਾਤਾਰ ਸਮਰਥਨ ਦਾ ਸੁਆਗਤ ਕੀਤਾ। ਹਿੰਦ-ਪ੍ਰਸ਼ਾਂਤ ਖੇਤਰ ਬਾਰੇ ਭਾਰਤੀ ਨਜ਼ਰੀਏ ਵਿੱਚ ਆਸੀਆਨ ਦੀ ਕੇਂਦਰੀ ਭੂਮਿਕਾ ਨੂੰ ਰੇਖਾਂਕਿਤ ਕਰਦੇ ਹੋਏ ਉਨ੍ਹਾਂ ਨੇ ਆਸੀਆਨ-ਭਾਰਤ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਹਿੰਦ-ਪ੍ਰਸ਼ਾਂਤ (AOIP) ਬਾਰੇ ਆਸੀਆਨ ਦੇ ਨਜ਼ਰੀਏ 'ਤੇ ਸਹਿਯੋਗ ਬਾਰੇ ਆਸੀਆਨ-ਭਾਰਤ ਸਾਂਝੇ ਐਲਾਨ ਨੂੰ ਲਾਗੂ ਕਰਨ 'ਤੇ ਜ਼ੋਰ ਦਿੱਤਾ। ਆਸੀਆਨ ਪੱਖ ਨੇ ਇਸ ਖੇਤਰ ਵਿੱਚ ਆਸੀਆਨ ਅਤੇ ਆਸੀਆਨ ਦੀ ਅਗਵਾਈ ਵਾਲੇ ਢਾਂਚੇ ਲਈ ਭਾਰਤ ਦੀ ਹਿਮਾਇਤ ਦੀ ਸ਼ਲਾਘਾ ਕੀਤੀ।

4. ਦੋਵਾਂ ਧਿਰਾਂ ਨੇ ਆਸੀਆਨ-ਭਾਰਤ ਭਾਈਵਾਲੀ ਦੀ 30ਵੀਂ ਵਰ੍ਹੇਗੰਢ ਦੇ ਸਿਲਸਿਲੇ ਵਿਚ ਸਾਲ 2022 ਨੂੰ ਆਸੀਆਨ-ਭਾਰਤ ਮਿੱਤਰਤਾ ਸਾਲ ਵਜੋਂ ਮਨਾਉਣ ਲਈ ਸਮਾਗਰਮਾ ਦ ਪ੍ਰੋਗ੍ਰਾਮਾਂ ਦਾ ਵੀ ਜਾਇਜ਼ਾ ਲਿਆ। ਭਾਰਤ ਅਤੇ ਆਸੀਆਨ ਦਰਮਿਆਨ ਮਜ਼ਬੂਤ ਇਤਿਹਾਸਕ ਅਤੇ ਸੱਭਿਆਚਾਰਕ ਸਬੰਧ ਚੌਥੇ ਦਹਾਕੇ ਵਿੱਚ ਪ੍ਰਵੇਸ਼ ਕਰ ਰਹੀ ASEAN-ਭਾਰਤ ਸਾਂਝੇਦਾਰੀ ਲਈ ਮਜ਼ਬੂਤ ਨੀਂਹ ਪ੍ਰਦਾਨ ਕਰਦੇ ਹਨ।

ਨਵੀਂ ਦਿੱਲੀ,

15 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.